# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਵੀਰਵਾਰ, ਮਿਤੀ 19 ਅਗਸਤ, 2010 ਨੂੰ 11.00 ਵਜੇ ਸਵੇਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।

ਹਾਜ਼ਰ:-

1. ਡਾ. ਏ.ਐਸ. ਬਰਾੜ . . . (ਸਭਾਪਤੀ)
   ਵਾਈਸ-ਚਾਂਸਲਰ
2. ਡਾ. ਅਮਰਜੀਤ ਸਿੰਘ ਸਿੱਧੂ
3. ਮਿਸਿਜ਼ ਅਰਵਿੰਦਰ ਕੌਰ
4. ਮਿਸ ਅਨੂ
5. ਅਮਨਪ੍ਰੀਤ ਕਾਹਲੋਂ
6. ਡਾ. ਬਰਕਤ ਅਲੀ
7. ਡਾ. ਚਰਨਜੀਤ ਸਿੰਘ ਬੱਲ
8. ਡਾ. ਗੁਰਦੀਪ ਸਿੰਘ
9. ਡਾ. ਜੇ.ਐਸ. ਬੱਲ
10. ਡਾ. ਜਸਪਾਲ ਸਿੰਘ
11. ਸ. ਜਗਦੀਸ਼ ਸਿੰਘ
12. ਸ. ਜਜ਼ਬੀਰ ਸਿੰਘ ਵਾਲੀਆ
13. ਸ੍ਰੀਮਤੀ ਕਰਮਜੀਤ ਚੌਧਰੀ
14. ਮਿਸ. ਮੰਨਣ ਸਚਦੇਵਾ
15. ਸ੍ਰੀ ਮੁਨੀਸ਼ ਗੁਪਤਾ
16. ਸ. ਨਾਨਕ ਸਿੰਘ
17. ਡਾ. ਪਰਮਿੰਦਰ ਸਿੰਘ
18. ਡਾ. ਪਰਮਜੀਤ ਸਿੰਘ ਸਿੱਧੂ
19. ਡਾ. ਰਜਿੰਦਰਜੀਤ ਕੌਰ
20. ਡਾ. ਰਾਧਾ ਸ਼ਰਮਾ
21. ਡਾ. ਰਾਕੇਸ਼ ਮਹਾਜਨ
22. ਸ. ਰਜਿੰਦਰ ਮੋਹਨ ਸਿੰਘ ਛੀਨਾ
23. ਡਾ. ਰਾਏ ਜਸਬੀਰ ਸਿੰਘ

24. ਰਣਦੀਪ ਕੌਰ
25. ਮਿਸਿਜ਼ ਰੇਖਾ
26. ਸ੍ਰੀ ਰਚਿਤ ਗਰਗ
27. ਡਾ. ਸੁਰਿੰਦਰ ਸਿੰਘ,
ਡੀਨ ਅਕਾਦਮਿਕ ਮਾਮਲੇ
28. ਡਾ. ਸੁਖਦੇਵ ਸਿੰਘ
29. ਡਾ.(ਸ੍ਰੀਮਤੀ) ਸਰੂਚੀ ਰਿਸ਼ੀ
30. ਸ. ਸੁਰਿੰਦਰ ਸਿੰਘ
31. ਡਾ. ਸੁਦੀਪ ਸਿੰਘ
32. ਡਾ. ਐਸ.ਐਸ. ਜੌਹਲ
33. ਸ੍ਰੀ ਸਚਿਨ ਕਾਲੜਾ
34. ਡਾ. ਤੇਜਿੰਦਰ ਕੌਰ ਮਾਨ
35. ਮਿਸਿਜ਼ ਊਸ਼ਾ ਕਪੂਰ
36. ਡਾ. ਇੰਦਰਜੀਤ ਸਿੰਘ, . . . (ਸਕੱਤਰ)
(ਰਜਿਸਟਰਾਰ)

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਸਾਹਿਬ ਨੇ ਪਿਛਲੀ ਸੈਨੇਟ ਦੇ ਮੈਂਬਰ ਸਾਹਿਬਾਨ ਵੱਲੋਂ ਉਨ੍ਹਾਂ ਨੂੰ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਵਾਈਸ-ਚਾਂਸਲਰ ਸਾਹਿਬ ਨੇ ਨਵੀਂ ਬਣੀ ਸੈਨੇਟ ਦੇ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਸੈਨੇਟ ਦੇ ਸਮੂਹ ਮੈਂਬਰ ਸਾਹਿਬਾਨ ਉਨ੍ਹਾਂ ਨੂੰ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ।

ਸਮੂਹ ਮੈਂਬਰ ਸਾਹਿਬਾਨ ਨੇ ਵਾਈਸ-ਚਾਂਸਲਰ ਸਾਹਿਬ ਨੂੰ ਆਪਣੇ ਪੂਰਣ ਸਹਿਯੋਗ ਦਾ ਭਰੋਸਾ ਦੁਆਇਆ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 27.2.2010 ਅਤੇ 12.3.2010 ਦੀ ਕਾਰਵਾਈ ਦੀ ਪੁਸ਼ਟੀ।**

1. ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 27.2.2010 ਅਤੇ 12.3.2010 ਦੀ ਕਾਰਵਾਈ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 27.2.2010 ਅਤੇ 12.3.2010 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 27.2.2010 ਅਤੇ 12.3.2010 ਦੇ ਨਿਰਣਿਆ ਤੇ ਕਾਰਵਾਈ ਨੋਟ ਕੀਤੀ ਗਈ।**

2. ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 27.2.2010 ਅਤੇ 12.3.2010 ਦੇ ਨਿਰਣਿਆਂ ਤੇ ਕੀਤੀ ਕਾਰਵਾਈ (**ਅੰਤਿਕਾਵਾਂ** ਅਨੁਸਾਰ) ਨੋਟ ਕੀਤੀ ਗਈ।

ਏਜੰਡੇ ਦੀ ਮੱਦ ਨੰ: 3,4 ਅਤੇ 5 ਬਾਰੇ ਸ. ਰਜਿੰਦਰ ਮੋਹਨ ਸਿੰਘ ਛੀਨਾ ਨੇ ਕਿਹਾ ਕਿ ਕੋ-ਆਪਸ਼ਨ/ ਚੋਣ ਸਬੰਧੀ ਵਿਧੀ ਏਜੰਡੇ ਨਾਲ ਭੇਜੀ ਗਈ ਹੈ ਅਤੇ ਚੋਣਾਂ ਸਬੰਧੀ ਤਿਆਰੀ ਵੀ ਕੀਤੀ ਗਈ ਹੈ। ਬਹੁਤ ਸਮੇਂ ਤੋਂ ਪ੍ਰੰਪਰਾ ਰਹੀ ਹੈ ਕਿ ਕੋ-ਆਪਸ਼ਨ/ ਚੋਣਾਂ ਸਬੰਧੀ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਰਹੇ ਹਨ।ਇਸ ਲਈ ਚੰਗੀ ਪ੍ਰੰਪਰਾ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਵਾਈਸ-ਚਾਂਸਲਰ ਸਾਹਿਬ ਆਪ ਹੀ ਕੋ-ਆਪਸ਼ਨ/ਚੋਣ ਲਈ ਨਾਂ ਪੇਸ਼ ਕਰ ਦੇਣ। ਸ. ਜਗਦੀਸ਼ ਸਿੰਘ, ਡਾ. ਪਰਮਿੰਦਰ ਸਿੰਘ ਅਤੇ ਹੋਰ ਸਮੂਹ ਮੈਂਬਰ ਸਾਹਿਬਾਨ ਨੇ ਵਾਈਸ-ਚਾਂਸਲਰ ਸਾਹਿਬ ਨੂੰ ਕੋ-ਆਪਸ਼ਨ/ ਚੋਣ ਸਬੰਧੀ ਅਧਿਕਾਰ ਦੇਣ ਦੀ ਪ੍ਰੋੜ੍ਹਤਾ ਕੀਤੀ।

**ਸੈਨੇਟ ਵਾਸਤੇ ਤਿੰਨ ਵਿਅਕਤੀਆਂ ਨੂੰ ਕੋ-ਆਪਟ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।**

3. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ ਦੀ 13(1) ਦੀ ਧਾਰਾ (viii) (ਆਰਡੇਨਰੀ ਫੈਲੋ) ਅਧੀਨ ਮਿਤੀ 1.7.2010 ਤੋਂ 30.6.2012 ਤੱਕ ਦੇ ਸਮੇਂ ਲਈ ਸੈਨੇਟ ਵਾਸਤੇ ਤਿੰਨ ਵਿਅਕਤੀਆਂ ਨੂੰ ਕੋ-ਆਪਟ ਕਰਨ ਸਬੰਧੀ-

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 13(1) ਦੀ ਧਾਰਾ (viii) (ਆਰਡੇਨਰੀ ਫੈਲੋ) ਅਧੀਨ ਮਿਤੀ 1.7.2010 ਤੋਂ 30.6.2012 ਤੱਕ ਦੇ ਸਮੇਂ ਲਈ ਸੈਨੇਟ ਵਾਸਤੇ ਤਿੰਨ ਵਿਅਕਤੀਆਂ ਨੂੰ ਕੋ-ਆਪਟ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਸੈਨੇਟ ਦੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।**

4. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ ਦੀ 14(1) ਦੀ ਧਾਰਾ (viii) ਅਧੀਨ ਮਿਤੀ 1.7.2010 ਤੋਂ 30.6.2011 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਸਬੰਧੀ -

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 14(1) ਦੀ ਧਾਰਾ (viii) ਅਧੀਨ ਮਿਤੀ 1.7.2010 ਤੋਂ 30.6.2011 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਸੈਨੇਟ ਦੇ ਮੈਂਬਰਾਂ ਵਿਚੋਂ ਵਿਤ ਕਮੇਟੀ ਲਈ ਦੋ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।**

5. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 16(1) ਦੀ ਧਾਰਾ (iv) ਅਧੀਨ ਮਿਤੀ 1.7.2010 ਤੋਂ 30.6.2012 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਵਿਤ ਕਮੇਟੀ ਲਈ ਦੋ ਮੈਂਬਰਾਂ ਦੀ ਚੋਣ ਸਬੰਧੀ-

ਸਰਬ-ਸਮੰਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 16(1) ਦੀ ਧਾਰਾ (iv) ਅਧੀਨ ਮਿਤੀ 1.7.2010 ਤੋਂ 30.6.2012 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਵਿਤ ਕਮੇਟੀ ਲਈ ਦੋ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

6. ਸਾਲ 2009 ਲਈ ਯੂਨੀਵਰਸਿਟੀ ਦੀ 40ਵੀਂ ਸਲਾਨਾ ਰਿਪੋਰਟ **ਅੰਤਿਕਾ** ਅਨੁਸਾਰ ਉੱਤੇ ਵਿਚਾਰ ਹੋਈ।

ਵਾਈਸ-ਚਾਂਸਲਰ ਸਾਹਿਬ ਨੇ ਦੱਸਿਆ ਕਿ ਉਨ੍ਹਾਂ ਨੂੰ ਯੂਨੀਵਰਸਿਟੀ ਵਿਚ ਜੁਆਇਨ ਕੀਤੇ ਤਕਰੀਬਨ ਇਕ ਸਾਲ ਅਤੇ ਇਕ ਮਹੀਨਾ ਹੋ ਗਿਆ ਹੈ।ਉਨ੍ਹਾਂ ਦਾ ਪਹਿਲਾ ਮਿਸ਼ਨ ਸੀ ਕਿ ਪ੍ਰੀਖਿਆ ਸਿਸਟਮ ਨੂੰ decentralize ਕੀਤਾ ਜਾਵੇ। ਇਸ ਮੰਤਵ ਲਈ ਸਾਰੇ ਟੀਚਿੰਗ ਵਿਭਾਗਾਂ ਦੀ ਇੱਕਤਰਤਾ ਬੁਲਾ ਕੇ ਉਹਨਾਂ ਅਧਿਆਪਕਾਂ ਦੇ ਸਹਿਯੋਗ ਨਾਲ ਵਿਭਾਗਾਂ ਵਿਚ ਹੀ ਅੰਦਰੂਨੀ ਤੌਰ ਤੇ ਕੋਡਿੰਗ, ਡੀ-ਕੋਡਿੰਗ, ਇਵੈਲੂਏਸ਼ਨ ਕਰਵਾਈ ਅਤੇ ਨਤੀਜੇ ਕੱਢੇ ਗਏ। ਇਸ ਯਤਨ ਸਦਕਾ ਨਤੀਜੇ ਛੇਤੀ ਨਿਕਲ ਗਏ ਅਤੇ ਸਾਰੇ ਸਮੈਸਟਰ ਸਿਸਟਮ ਵਿਚ ਸੁਧਾਰ ਆਇਆ। ਇਸ ਕਾਰਜ ਲਈ ਉਨ੍ਹਾਂ ਨੂੰ ਸਬੰਧਤ ਅਧਿਆਪਕਾਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਨੇ ਆਪੋ-ਆਪਣਾ ਪੂਰਣ ਸਹਿਯੋਗ ਦਿੱਤਾ ਹੈ। ਇਸ ਤਰ੍ਹਾਂ ਸਾਨੂੰ ਬਹੁਤ ਵੱਡੀ ਸਫਲਤਾ ਮਿਲੀ। ਲਾਅ ਦੇ ਨਤੀਜੇ ਮਿਤੀ 4.6.2010 ਨੂੰ ਕੱਢ ਦਿੱਤੇ ਗਏ, ਜਿਸ ਸਦਕਾ ਮਿਤੀ 17.6.2010 ਨੂੰ ਸਿਵਲ ਸਰਵਿਸਿਜ਼ (ਪੀ.ਸੀ.ਐਸ.) ਦੀ ਪ੍ਰੀਖਿਆ ਵਿਚ 136 ਵਿਦਿਆਰਥੀ ਅਪੀਅਰ ਹੋ ਸਕੇ । ਇਸ ਵਾਰ ਯੂਨੀਵਰਸਿਟੀ ਵੱਲੋਂ ਦਾਖਲੇ ਆਨ-ਲਾਈਨ ਕਰ ਦਿੱਤੇ ਗਏ ਹਨ। ਪੰਜਾਬੀ ਵਿਭਾਗ ਅਤੇ ਗੁਰੂ ਨਾਨਕ ਅਧਿਐਨ ਵਿਭਾਗ ਵਿਚ ਟਿਊਸ਼ਨ ਫੀਸ ਮੁਆਫ ਕਰ ਦਿੱਤੇ ਜਾਣ ਨਾਲ ਪੰਜਾਬੀ ਵਿਭਾਗ ਵਿਚ ਦਾਖਲੇ ਪਿਛਲੇ ਸਾਰੇ ਸਾਲਾਂ ਤੋਂ ਵਧੇਰੇ ਹੋਏ ਹਨ। ਯੂਨੀਵਰਸਿਟੀ ਵੱਲੋਂ ਇਹਨਾਂ ਵਿਭਾਗਾਂ ਦੇ ਕੋਰਸਾਂ ਦੀਆਂ ਸੀਟਾਂ ਵਿਚ ਵਾਧਾ ਕਰ ਦਿੱਤਾ ਗਿਆ ਹੈ। ਸਾਡੀ ਯੂਨੀਵਰਸਿਟੀ ਉਤਰੀ ਭਾਰਤ ਵਿਚ ਪਹਿਲੀ ਯੂਨੀਵਰਟਸਿਟੀ ਹੈ, ਜਿਸ ਨੇ ਦਾਖਲਿਆਂ ਦਾ ਕਾਰਜ ਆਨ-ਲਾਈਨ ਕੀਤਾ ਹੈ ਤੇ ਪੂਰੀ ਸਫਲਤਾ ਵੀ ਮਿਲੀ ਹੈ। ਲਾਈਫ-ਸਾਇੰਸਜ਼, ਸਾਇੰਸ, ਇੰਜੀਨੀਅਰਿੰਗ ਅਤੇ ਮੈਨੇਜਮੈਂਟ ਆਦਿ ਕੋਰਸਾਂ ਵਿਚ ਕਰੈਡਿਟ ਬੇਸ ਤੇ ਦਾਖਲਾ ਆਰੰਭਿਆ ਹੈ। ਕ੍ਰੈਡਿਟ ਬੇਸਡ ਇਵੈਲੂਏਸ਼ਨ ਸਿਸਟਮ ਲਾਗੂ ਕਰਨ ਵਿਚ ਸਾਡੀ ਯੂਨੀਵਰਸਿਟੀ ਦੂਸਰੇ ਨੰਬਰ ‘ਤੇ ਹੈ।ਸਮੈਸਟਰ ਸਿਸਟਮ ਦੀ ਟੇਬਲ ਮਾਰਕਿੰਗ ਵਿਚ ਪੰਜਾਬ ਦੀ ਇਹ ਪਹਿਲੀ ਯੂਨੀਵਰਸਿਟੀ ਹੈ। ਇਸ ਸਬੰਧੀ ਅਧਿਆਪਕਾਂ ਵੱਲੋਂ ਪੂਰਨ ਸਹਿਯੋਗ ਮਿਲਿਆ ਹੈ। ਨਵੰਬਰ 2009 ਵਿਚ ਇਸ ਯੂਨੀਵਰਸਿਟੀ ਵਿਖੇ ਭਾਰਤ ਦੀਆਂ ਯੂਨੀਵਰਸਿਟੀਆਂ ਦੇ ਵਾਈਸ-ਚਾਂਸਲਰ ਸਾਹਿਬਾਨ ਦੀ ਇੱਕਤਰਤਾ ਹੋਈ। ਉਨ੍ਹਾਂ ਸਾਰਿਆਂ ਵੱਲੋਂ ਇਸ ਯੂਨੀਵਰਸਿਟੀ ਦੀਆਂ ਗਤੀਵਿਧੀਆਂ ਦੀ ਬਹੁਤ ਤਾਰੀਫ ਕੀਤੀ ਗਈ। ਇੰਡੀਆ ਟੂਡੇ ਦੇ ਇਕ ਸਰਵੇਖਣ ਮੁਤਾਬਿਕ ਭਾਰਤ ਦੀਆਂ 500 ਯੂਨੀਵਰਸਿਟੀਆਂ ਵਿਚੋਂ ਸਾਡੀ ਯੂਨੀਵਰਸਿਟੀ 20ਵੇਂ ਨੰਬਰ ਤੇ ਹੈ। ਸਾਇੰਸ, ਪਬਲੀਕੇਸ਼ਨ ਆਦਿ ਦੇ ਖੇਤਰਾਂ ਵਿਚ ਇਹ ਯੂਨੀਵਰਸਿਟੀ 13ਵੇਂ ਨੰਬਰ ਤੇ ਹੈ। ਸਭਿਆਚਾਰਕ ਗਤੀਵਿਧੀਆਂ, ਆਦਿ ਦੇ ਖੇਤਰਾਂ ਵਿਚ ਸਾਡੀ ਯੂਨੀਵਰਸਿਟੀ ਉਤਰੀ ਜੋਨ ਵਿਚ ਨੰਬਰ 1 ਤੇ ਹੈ ਅਤੇ ਆਲ ਇੰਡੀਆ ਵਿਚ ਦੂਸਰੀ ਪੁਜੀਸ਼ਨ ਤੇ ਆਉਂਦੀ ਹੈ। ਖੇਡਾਂ ਦੇ ਖੇਤਰ ਵਿਚ MAKA ਟਰਾਫੀ ਲਈ ਅਸੀਂ ਇਸ ਵਾਰ ਵੱਡੇ ਹੱਕਦਾਰ ਹਾਂ ਤੇ ਸਾਨੂੰ ਇਸ ਪਾਸੇ ਸਫਲਤਾ ਮਿਲਣ ਦੀ ਪੂਰੀ ਉਮੀਦ ਹੈ। ਉਨਾਂ ਦੱਸਿਆ ਕਿ ਡਾ. ਰਾਕੇਸ਼ ਮਹਾਜਨ (ਕੈਮਿਸਟਰੀ ਵਿਭਾਗ) ਦੀ ਸਰਪ੍ਰਸਤੀ ਅਧੀਨ 200 ਬੱਚਿਆਂ ਲਈ ਪੰਜ ਦਿਨਾਂ ਦਾ ਪ੍ਰੋਗਰਾਮ ਕੀਤਾ ਗਿਆ। ਸਾਇੰਸਦਾਨਾਂ ਨੂੰ ਬੁਲਾਇਆ ਗਿਆ ਤੇ ਇਸ ਪ੍ਰੋਗਰਾਮ ਵਿਚ ਉਹਨਾਂ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਵਧੀਆ ਤਰੀਕੇ ਨਾਲ ਸੰਪਨ ਹੋਇਆ।

ਪੇਂਡੂ ਖੇਤਰਾਂ ਵਿਚ ਪੜ੍ਹਾਈ ਦੇ ਵਿਕਾਸ ਲਈ ਤਿੰਨ ਨਵੇਂ ਕਾਲਜ ਖੋਲੇ ਗਏ ਹਨ, ਜੋ ਯੂਨੀਵਰਸਿਟੀ

ਦੀ ਸਰਪ੍ਰਸਤੀ ਹੇਠ ਚੱਲਣਗੇ। ਇਹਨਾਂ ਵਿਚੋਂ ਇਕ ਕਾਲਜ ਮਿਠੜਾ (ਸਰਕਾਰੀ ਕਾਲਜ, ਕਪੂਰਥਲਾ) ਵਿਚ ਇਸ ਸੈਂਸ਼ਨ ਤੋਂ ਪੜ੍ਹਾਈ ਸ਼ੁਰੂ ਹੋ ਚੁੱਕੀ ਹੈ। ਪਠਾਨਕੋਟ ਜਿਲੇ ਦੇ ਪੇਂਡੂ ਕਾਲਜ ਨਿਆੜੀ ਵਿਖੇ ਇਸ ਸਾਲ ਬੀ.ਸੀ.ਏ. ਕੋਰਸ ਸ਼ੁਰੂ ਕੀਤਾ ਗਿਆ ਹੈ। ਇਸ ਕਾਲਜ ਵਿਖੇ ਨਵੀਂ ਬਿਲਡਿੰਗ ਦੀ ਉਸਾਰੀ ਕੀਤੀ ਜਾ ਰਹੀ ਹੈ। ਇਹ ਕਾਲਜ ਪੱਛੜੇ ਪੇਂਡੂ ਇਲਾਕਿਆਂ ਦੇ ਬੱਚਿਆ ਲਈ ਵਰਦਾਨ ਸਾਬਤ ਹੋ ਰਿਹਾ ਹੈ ਅਤੇ ਦਾਖਲਿਆਂ ਨੂੰ ਕਾਫੀ ਹੁੰਗਾਰਾ ਮਿਲਿਆ ਹੈ।

ਮੁਕੰਦਪੁਰ ਕਾਲਜ ਅਤੇ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਐਮ.ਬੀ.ਏ. ਦੋ ਸਾਲਾ ਕੋਰਸ ਆਰੰਭ ਕੀਤਾ ਗਿਆ ਹੈ।ਖਾਲਸਾ ਕਾਲਜ ਪਬਲਿਕ ਸਕੂਲ, ਅੰਮ੍ਰਿਤਸਰ ਵਿਖੇ ਖਾਲਸਾ ਕਾਲਜ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ 50 ਪੇਂਡੂ ਬੱਚਿਆਂ ਨੂੰ ਖਾਸ ਕੋਚਿੰਗ ਦਿੱਤੀ ਜਾ ਰਹੀ ਹੈ, ਪ੍ਰੰਤੂ ਟਾਈ ਪੈ ਜਾਣ ਕਾਰਣ 51 ਬੱਚੇ ਦਾਖਲ ਕੀਤੇ ਗਏ ਹਨ। ਇਨ੍ਹਾਂ ਵਿਦਿਆਰਥੀਆਂ ਨੂੰ ਭਾਰਤ ਪੱਧਰ ਤੇ ਆਈ.ਆਈ.ਟੀ. ਦਾਖਲਿਆਂ ਲਈ ਤਿਆਰ ਕਰਨ ਦਾ ਮੰਤਵ ਹੈ।ਇਹ ਬੱਚੇ ਨਿਰੋਲ ਪੇਂਡੂ ਹਨ। ਇਹਨਾਂ ਵਿਚ ਕਈ ਸਾਇੰਸ ਪਿਛੋਕੜ ਦੇ ਅਤੇ ਕਈ ਦੂਸਰੇ ਵਿਸ਼ਿਆ ਦੇ ਹਨ। ਇਸ ਮੰਤਵ ਲਈ ਵਾਈਸ-ਚਾਂਸਲਰ ਖੁਦ ਆਪਣਾ ਪੂਰਾ ਯੋਗਦਾਨ ਪਾ ਰਹੇ ਹਨ। ਸਾਇੰਸ ਨਾਲ ਸਬੰਧਿਤ ਅਤੇ ਹੋਰ ਵਿਸ਼ਿਆਂ ਦੇ ਅਧਿਆਪਕ ਇਸ ਕੋਚਿੰਗ ਵਿਚ ਸਹਿਯੋਗ ਪਾ ਰਹੇ ਹਨ। ਇਹ ਕੋਰਸ ਚਲਦਿਆਂ ਤਿੰਨ ਹਫਤੇ ਦਾ ਸਮਾਂ ਹੋ ਗਿਆ ਹੈ। ਇਸ ਸਟੈਪ ਲਈ ਉਨ੍ਹਾਂ ਖਾਲਸਾ ਕਾਲਜ ਪ੍ਰਬੰਧਕ ਕਮੇਟੀ ਅਤੇ ਖਾਲਸਾ ਕਾਲਜ ਪਬਲਿਕ ਸਕੂਲ ਦਾ ਧੰਨਵਾਦ ਕੀਤਾ।ਇਸ ਤਰ੍ਹਾਂ ਪੇਂਡੂ ਹੋਣਹਾਰ ਬੱਚਿਆ ਦੀ ਮਦਦ ਹੋਵੇਗੀ। ਉਨ੍ਹਾਂ ਦੱਸਿਆ ਕਿ ਕੁੱਝ ਨਵੀਆਂ ਬਿਲਡਿੰਗਾਂ ਵੀ ਉਸਾਰੀਆਂ ਗਈਆਂ ਹਨ। ਅਸੀਂ ਸਲਾਨਾ ਸਪੋਰਟਸ ਫੰਕਸ਼ਨ ਅਯੋਜਿਤ ਕੀਤਾ ਅਤੇ ਉੱਘੇ ਖਿਡਾਰੀਆਂ ਨੂੰ ਨਗਦ ਇਨਾਮ ਦੇ ਕੇ ਉਹਨਾਂ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਪਿਛਲੀਆਂ ਦੋ ਸਲਾਨਾ ਕਨਵੋਕੇਸ਼ਨਾਂ ਸਮੇਂ ਦੋ ਉਘੇ ਵਿਅਕਤੀਆਂ ਨੂੰ ਸਨਮਾਨਾਰਥ (Honoris Causa) ਦੀਆਂ ਡਿਗਰੀਆਂ ਅਤੇ ਦੋ ਨੂੰ ਡੀ ਲਿੱਟ ਦੀਆਂ ਡਿਗਰੀਆਂ ਨਾਲ ਸਨਮਾਨਿਤ ਕੀਤਾ ਗਿਆ। ਮਿਤੀ 1 ਮਾਰਚ, 2011 ਨੂੰ ਹੋ ਰਹੀ ਅਗਲੀ ਸਲਾਨਾ ਕਨਵੋਕੇਸ਼ਨ ਵਿਚ ਦੁਨੀਆਂ ਭਰ ਦੇ ਪ੍ਰਸਿੱਧ ਵਿਦਵਾਨ ਨੋਬਲ ਵਿਜੇਤਾ ਅਤੇ ਦੋ ਹੋਰ ਵਿਦਵਾਨਾਂ/ਸਾਇੰਸਦਾਨਾਂ ਨੂੰ ਸਨਮਾਨਾਰਥ (Honoris Causa) ਡਿਗਰੀਆਂ ਨਾਲ ਸਨਮਾਨਿਤ ਕੀਤਾ ਜਾਵੇਗਾ। ਪੰਜਾਬੀ ਭਾਸ਼ਾ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਉਣ ਵਾਲੀ ਪ੍ਰਸਿੱਧ ਨਾਮਵਰ ਅਧਿਆਪਕਾ ਡਾ. ਦਲੀਪ ਕੌਰ ਟਿਵਾਣਾ ਨੂੰ ਵਿਸ਼ੇਸ਼ ਤੌਰ ਤੇ ਸਨਮਾਨ ਦਿੱਤਾ ਜਾਵੇਗਾ। ਬਾਹਰੋਂ ਆਉਣ ਵਾਲੇ ਚਾਰੇ ਵਿਦਵਾਨ/ਸਾਇੰਸਦਾਨ ਯੂਨੀਵਰਸਿਟੀ ਦੇ ਵਿਦਿਆਰਥੀਆਂ, ਟੀਚਰਜ਼ ਅਤੇ ਅੰਮ੍ਰਿਤਸਰ ਦੇ ਵਾਸੀਆਂ ਨੂੰ ਲੈਕਚਰ ਦੇਣਗੇ। ਇਸ ਯੂਨੀਵਰਸਟੀ ਲਈ ਇਹ ਇਕ ਵੱਡੀ ਪ੍ਰਾਪਤੀ ਤੇ ਮਾਣ ਵਾਲੀ ਗੱਲ ਹੋਵੇਗੀ।

ਯੂਨੀਵਰਸਿਟੀ ਕੈਂਪਸ ਵਿਖੇ 'ਹੈਰੀਟੇਜ਼ ਵਿਲੇਜ' ਦੀ ਸਥਾਪਨਾ ਆਪਣੇ ਆਪ ਵਿਚ ਇਕ ਅਹਿਮ ਤੇ ਵੱਡੀ ਪ੍ਰਾਪਤੀ ਹੈ, ਜਿਸ ਤੇ 20 ਕਰੋੜ ਦਾ ਖਰਚਾ ਆਉਣ ਦਾ ਅੰਦਾਜਾ ਹੈ। ਇਹ ਗ੍ਰਾਂਟ ਪੰਜਾਬ ਸਰਕਾਰ ਤੋਂ ਮਿਲ ਰਹੀ ਹੈ ਤੇ ਇਹ ਵਿਲੇਜ਼ ਪੰਜਾਬ ਸਰਕਾਰ ਦੀ ਸਮੁੱਚੀ ਸਹਾਇਤਾ ਨਾਲ ਮੁਕੰਮਲ ਹੋਵੇਗਾ।ਮੁੱਖ ਮੰਤਰੀ, ਪੰਜਾਬ ਇਸ ਦਾ ਉਦਘਾਟਨ ਕਰਨਗੇ।

ਉਨ੍ਹਾਂ ਅੱਗੇ ਦੱਸਿਆ ਕਿ ਭਾਰਤ ਦੇ ਪ੍ਰਧਾਨ ਮੰਤਰੀ ਵੱਲੋਂ ਯੂਨੀਵਰਸਿਟੀ ਵਿਖੇ ਸੈਂਟਰ ਫਾਰ 'ਗੁਰੂ ਗ੍ਰੰਥ

ਸਾਹਿਬ ਸਟੱਡੀਜ਼' ਦੀ ਸਥਾਪਨਾ ਲਈ 40 ਤੋਂ 50 ਕਰੋੜ ਰੁਪਏ ਦੀ ਯੂ.ਜੀ.ਸੀ. ਰਾਹੀਂ ਸਹਾਇਤਾ ਰਾਸ਼ੀ ਮਿਲਣ ਦੀ ਆਸ ਹੈ। ਸੈਂਟਰ ਫਾਰ ਐਕਸੀਲੈਂਸ ਅਤੇ ਹੋਰ ਸਕੀਮਾਂ ਵਾਸਤੇ ਯੂ.ਜੀ.ਸੀ. ਪਾਸੋਂ 50 ਕਰੋੜ ਅਤੇ 30 ਕਰੋੜ ਦੀਆਂ ਗ੍ਰਾਂਟਾਂ ਪ੍ਰਾਪਤ ਹੋਣ ਦੀ ਆਸ ਹੈ। ਪਿਛਲੇ ਸਾਲ ਇਸ ਯੂਨੀਵਰਸਿਟੀ ਦੇ 40 ਸਾਲਾ ਇਤਿਹਾਸ 'ਤੇ ਬੁੱਕ-ਲੈਟ ਛਾਪੀ ਗਈ, ਜਿਸ ਵਿਚ 40 ਸਾਲਾਂ ਦੀਆਂ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਅਤੇ ਵਿਕਾਸ ਸਬੰਧੀ ਵਰਨਣ ਕੀਤਾ ਗਿਆ ਹੈ। ਯੂਨੀਵਰਸਟੀ ਕੈਂਪਸ ਵਿਚ ਪਿਛਲੇ ਸਾਲ 2500 ਦਰੱਖਤ ਲਗਾਏ ਗਏ ਸਨ ਅਤੇ ਇਸ ਸਾਲ ਵੀ 2500 ਦਰੱਖਤ ਹੋਰ ਲਗਾਏ ਜਾਣਗੇ ਤਾਂ ਜੋ ਯੂਨੀਵਰਸਿਟੀ ਨੂੰ ਹੋਰ ਵੀ ਸਵੱਛ ਅਤੇ ਹਵਾਦਾਰ ਬਣਾਇਆ ਜਾ ਸਕੇ। ਇਸ ਸਾਲ ਯੂਨੀਵਰਸਿਟੀ ਵਿਚੋਂ 500 ਤੋਂ ਵੱਧ ਵਿਦਿਆਰਥੀਆਂ ਦੀ ਵੱਖ-ਵੱਖ ਕੰਪਨੀਆਂ ਵਿਚ ਪਲੇਸਮੈਂਟ ਹੋਈ ਹੈ, ਜੋ ਕਿ ਇਕ ਹੌਂਸਲਾ ਅਫਜਾਈ ਵਾਲੀ ਗੱਲ ਹੈ। ਅੱਗੇ ਉਨਾਂ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਅਧੀਨ ਆਉਂਦੇ ਸਮੂਹ ਦਾਖਲਿਆਂ ਵਿਚ ਇਸ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਮੈਰਿਟ ਦੇ ਆਧਾਰ ਤੇ ਦਾਖਲਾ 1 ਨੰਬਰ ਤੇ ਆਉਂਦਾ ਹੈ।

ਬਹਿਸ ਵਿਚ ਹਿਸਾ ਲੈਂਦਿਆਂ ਮੈਂਬਰ ਸਾਹਿਬਾਨ ਨੇ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ।

<u>ਡਾ. ਸਰਦਾਰਾ ਸਿੰਘ ਜੌਹਲ</u>

ਉਨ੍ਹਾਂ ਨੇ ਯੂਨੀਵਰਸਿਟੀ ਵੱਲੋਂ ਪਿਛਲੀਆਂ ਪ੍ਰਾਪਤੀਆਂ ਤੇ ਸਭ ਨੂੰ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿਚ ਅਜਿਹੀਆਂ ਪ੍ਰਾਪਤੀਆਂ ਲਈ ਵਾਹਿਗੁਰੂ ਵੱਲੋਂ ਹੋਰ ਸਮਰੱਥ ਬਖਸ਼ਣ ਦੀ ਕਾਮਨਾ ਕੀਤੀ। ਉਨ੍ਹਾਂ ਨੇ ਸਮੈਸਟਰ ਸਿਸਟਮ ਪ੍ਰਣਾਲੀ ਵਿਚ ਪ੍ਰੀਖਿਆਵਾਂ ਸਬੰਧੀ ਸੁਧਾਰ ਨੂੰ ਬਹੁਤ ਵਧੀਆ ਕਦਮ ਦਰਸਾਇਆ, ਪਰ ਨਾਲ ਹੀ ਉਨ੍ਹਾਂ ਸਲਾਹ ਦਿੱਤੀ ਕਿ ਇਸ ਪ੍ਰਣਾਲੀ ਵਿਚ ਪਾਰਦਰਸ਼ਤਾ ਅਤੇ ਇਮਤਿਹਾਨੀ ਰੂਹ ਕਾਇਮ ਰਹਿਣੀ ਚਾਹੀਦੀ ਹੈ। ਉਨ੍ਹਾਂ ਇਹ ਪ੍ਰਣਾਲੀ ਆਰੰਭ ਕਰਨ ਲਈ ਯੂਨੀਵਰਸਿਟੀ ਪੱਧਰ ਤੇ ਕੀਤੇ ਗਏ ਉਪਰਾਲੇ ਲਈ ਮੁਬਾਰਕਬਾਦ ਦਿੱਤੀ ਅਤੇ ਨਾਲ ਹੀ ਕਾਮਨਾ ਕੀਤੀ ਕਿ ਜੇਕਰ ਇਸ ਸਮੇਂ ਸਾਡੀ ਯੂਨੀਵਰਸਿਟੀ ਭਾਰਤ ਵਿਚ 20ਵੇਂ ਨੰਬਰ 'ਤੇ ਹੈ ਤਾਂ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਾਡੀ ਯੂਨੀਵਰਸਿਟੀ ਦੇਸ਼ ਵਿਚ ਇਕ ਨੰਬਰ ਤੇ ਆਵੇ। ਉਨ੍ਹਾਂ ਕਿਹਾ ਕਿ ਮੁਕੰਦਪੁਰ ਕਾਲਜ ਨੂੰ ਯੂਨੀਵਰਸਿਟੀ ਅਧੀਨ ਲੈਣ ਸਮੇਂ ਕਿਹਾ ਗਿਆ ਸੀ ਕਿ ਇਸ ਕਾਲਜ ਨੂੰ ਯੂਨੀਵਰਸਿਟੀ ਦਾ ਰੂਰਲ ਕੈਂਪਸ ਮੰਨਿਆ ਜਾਵੇਗਾ, ਪਰ ਅਜੇ ਤੱਕ ਕਾਲਜ ਨੂੰ ਇਹ ਰੁਤਬਾ ਨਹੀਂ ਦਿੱਤਾ ਜਾ ਸਕਿਆ। ਉਨ੍ਹਾਂ ਕਿਹਾ ਕਿ ਮੁਕੰਦਪੁਰ ਕਾਲਜ ਨੂੰ ਐਮ.ਬੀ.ਏ., ਐਮ.ਸੀ.ਏ. ਅਤੇ ਬੀ.ਟੈਕ. ਕੋਰਸ ਵੀ ਦਿੱਤੇ ਜਾਣੇ ਚਾਹੀਦੇ ਹਨ। ਮੁਕੰਦਪੁਰ ਵਿਖੇ ਪੇਂਡੂ ਸਕੂਲਾਂ ਦੇ 30 ਬੱਚਿਆਂ ਦੀ ਕੰਪੀਟੀਸ਼ਨ ਲਈ ਤਿਆਰੀ ਕਰਵਾਈ ਜਾਂਦੀ ਹੈ। ਕੰਪੀਟੀਸ਼ਨ ਦੀ ਤਿਆਰੀ ਲਈ ਇਹ ਸਿਸਟਮ ਜੇਕਰ ਵੱਧ ਜਾਵੇ ਤਾਂ ਬਹੁਤ ਚੰਗੀ ਗੱਲ ਹੋਵੇਗੀ। ਯੂਨੀਵਰਸਿਟੀ ਵਿਚੋਂ ਵੱਧ ਤੋਂ ਵੱਧ ਪਲੇਸਮੈਂਟਾਂ ਹੋਣੀਆਂ ਬਹੁਤ ਚੰਗੀ ਗੱਲ ਹੈ, ਪ੍ਰੰਤੂ ਇਹਨਾਂ ਪਲੇਸਮੈਂਟਾਂ ਦੀ ਹਰੇਕ ਛੇ ਮਹੀਨੇ ਬਾਅਦ ਚੈਕਿੰਗ ਹੋਣੀ ਚਾਹੀਦੀ ਹੈ ਕਿ ਨੌਕਰੀ ਮਿਲਣ ਵਾਲੇ ਬੱਚੇ ਉਨ੍ਹਾਂ ਸਬੰਧਤ ਕੰਪਨੀਆਂ ਵਿਚ ਟਿਕੇ ਵੀ ਹਨ ਜਾਂ ਨਹੀਂ।

<u>ਡਾ. ਸੁਖਦੇਵ ਸਿੰਘ</u>

ਉਨ੍ਹਾਂ ਦੱਸਿਆਂ ਕਿ TCS ਅਤੇ Wipro ਕੰਪਨੀ ਦੁਆਰਾ ਕ੍ਰਮਵਾਰ 137 ਅਤੇ 40 ਵਿਦਿਆਰਥੀਆਂ ਦੀ

ਪਲੇਸਮੈਂਟ ਕੀਤੀ ਗਈ ਹੈ, ਇਸ ਤੋਂ ਇਲਾਵਾ ਦੇਸ਼ ਅਤੇ ਵਿਦੇਸ਼ ਦੀਆਂ ਉਚ ਕੋਟੀ ਦੀਆਂ ਕੰਪਨੀਆਂ ਵੱਲੋਂ ਇਸ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਪਲੇਸਮੈਂਟ ਕੀਤੀ ਜਾ ਰਹੀ ਹੈ। ਵਿਦਿਆਰਥੀਆਂ ਵੱਲੋਂ ਵਧੇਰੇ ਤਨਖਾਹ ਅਤੇ ਚੰਗੇਰੇ ਭਵਿੱਖ ਲਈ ਹੀ ਦੂਜੀ ਕੰਪਨੀ ਵਿਚ ਜਾਇੰਨ ਕੀਤਾ ਜਾਂਦਾ ਹੈ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਨੇ ਯੂਨੀਵਰਸਿਟੀ ਵਿਚੋਂ ਵੱਖ-ਵੱਖ ਖੇਤਰਾਂ ਵਿਚ ਹੋਈਆਂ ਪਲੇਸਮੈਂਟਾਂ ਦਾ ਮੁੜ ਜਿਕਰ ਕੀਤਾ। ਉਨ੍ਹਾਂ ਦੱਸਿਆ ਕਿ ਉਚ ਕੋਟੀ ਦੀਆਂ ਕੰਪਨੀਆਂ ਯੂਨੀਵਰਸਿਟੀ ਦੇ ਹੋਣਹਾਰ ਵਿਦਿਆਰਥੀਆਂ ਦੀ ਪਲੇਸਮੈਂਟ ਕਰ ਰਹੀਆ ਹਨ ਅਤੇ ਇਨ੍ਹਾਂ ਪਲੇਸਮੈਂਟਾਂ ਦੀ ਗਿਣਤੀ ਸੈਂਕੜਿਆ ਵਿਚ ਹੈ। ਉਨ੍ਹਾਂ ਸਮੈਸਟਰ ਸਿਸਟਮ ਵਿਚ ਅੰਦਰੂਨੀ ਮਾਰਕਿੰਗ ਤੇ ਨਤੀਜੇ ਕੱਢਣ ਦੀ ਗੱਲ ਕਰਦਿਆਂ ਵਿਸ਼ਵਾਸ਼ ਦੁਆਇਆ ਕਿ ਇਸ ਸਿਸਟਮ ਵਿਚ ਇਮਤਿਹਾਨੀ ਰੂਹ ਕਾਇਮ ਰੱਖੀ ਜਾਵੇਗੀ ਅਤੇ ਟ੍ਰਾਂਸਪੇਰੈਂਸੀ ਬਣੀ ਰਹੇਗੀ। ਇਸ ਸਿਸਟਮ ਦਾ ਵਿਦਿਆਰਥੀਆਂ ਨੂੰ ਇਹ ਫਾਇਦਾ ਹੋਇਆ ਹੈ ਕਿ ਉਹ ਆਪਣੀ ਕਾਰ-ਗੁਜਾਰੀ ਆਪਣੀ ਉੱਤਰ-ਪੱਤਰੀ ਵੇਖ ਕੇ ਚੈਕ ਕਰ ਸਕਦਾ ਹੈ।ਵਿਦਿਆਰਥੀਆਂ ਵੱਲੋਂ ਮੰਗ ਕਰਨ ‘ਤੇ ਉਨ੍ਹਾਂ ਨੂੰ ਉੱਤਰ-ਪੱਤਰੀਆਂ ਵਿਖਾ ਦਿੱਤੀਆਂ ਜਾਂਦੀਆਂ ਹਨ।ਇਸ ਸਬੰਧੀ ਬੀ.ਫਾਰਮੇਸੀ ਸਮੈਸਟਰ ਤੀਜਾ ਅਤੇ ਚੋਥਾ ਦੇ ਫੇਲ ਵਿਦਿਆਰਥੀਆਂ ਨੂੰ ਸਬੰਧਤ ਵਿਭਾਗ ਦੇ ਮੁਖੀ ਨੇ ਕਿਹਾ ਕਿ ਅਸੀਂ ਬਲੈਕ ਬੋਰਡ ਉਤੇ ਪ੍ਰਸ਼ਨਾਂ ਦੇ ਉਤਰ ਲਿਖ ਦਿੱਤੇ ਹਨ ਤਾਂ ਜੋ ਉਨ੍ਹਾਂ ਨੂੰ ਮਾਰਕਿੰਗ ਸਬੰਧੀ ਕੋਈ ਸ਼ੰਕਾ ਨਾ ਰਹੇ।

ਡਾ. ਸਰਦਾਰਾ ਸਿੰਘ ਜੌਹਲ

ਸਾਨੂੰ ਸਮੈਸਟਰ ਸਿਸਟਮ ਵਿਚ ਟ੍ਰਾਂਸਪੇਰੈਂਸੀ ਦੇ ਨਾਲ-ਨਾਲ ਉੱਤਰ-ਪੱਤਰੀਆਂ ਦੀ ਮਾਰਕਿੰਗ ਪ੍ਰਤੀ ਵੀ ਸੰਜੀਦਾ ਹੋਣ ਦੀ ਜਰੂਰਤ ਹੈ। ਹਰੇਕ ਵਿਦਿਆਰਥੀ ਵੱਲੋਂ ਪ੍ਰਸ਼ਨ ਹੱਲ ਕਰਨ ਦਾ ਤਰੀਕਾ ਵੱਖਰਾ-ਵੱਖਰਾ ਹੁੰਦਾ ਹੈ। ਉਨ੍ਹਾਂ ਸੰਕੇਤ ਕੀਤਾ ਕਿ ਕਈ ਵਾਰ ਰੁਟੀਨ ਦੀ ਮਾਰਕਿੰਗ ਅਤੇ ਉਸ ਉਪਰੰਤ ਮੁੜ-ਮੁਲਾਂਕਣ ਕਰਵਾਏ ਜਾਣ ਤੇ ਅੰਕਾਂ ਵਿਚ ਬਹੁਤ ਅੰਤਰ ਆ ਜਾਂਦਾ ਹੈ। ਜੇਕਰ ਇਸ ਤਰ੍ਹਾਂ ਕੋਈ ਅਧਿਆਪਕ ਮਾਰਕਿੰਗ ਵਿਚ ਗਲਤੀ ਕਰਦਾ ਹੈ ਤਾਂ ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਦੱਸਿਆ ਕਿ ਗਲਤੀ ਦੋ ਤਰ੍ਹਾਂ ਦੀ ਹੁੰਦੀ ਹੈ: ਇਕ ਜਾਣ-ਬੁੱਝ ਕੇ ਕੀਤੀ ਹੋਈ ਅਤੇ ਦੂਸਰੀ ਇਤਫਾਕਨ ਹੋਈ ਗਲਤੀ। ਕਈ ਵਾਰ ਅਜਿਹਾ ਹੁੰਦਾ ਹੈ ਕਿ ਕੋਈ ਵਿਦਿਆਰਥੀ ਕੋਈ ਸਵਾਲ (ਖਾਸ ਕਰਕੇ ਸਾਇੰਸ ਦੇ ਵਿਸ਼ਿਆਂ ਵਿਚ) ਇਸ ਤਰ੍ਹਾਂ ਹੱਲ ਕਰਦਾ ਹੈ ਕਿ ਉਸ ਪ੍ਰਤੀ ਹਰੇਕ ਪ੍ਰੀਖਿਅਕ ਦਾ ਨਜਰੀਆ ਅਲੱਗ ਹੁੰਦਾ ਹੈ ਤੇ ਇਸ ਤਰ੍ਹਾਂ ਹੀ ਉਸ ਨੂੰ ਉਸਦੇ ਨੰਬਰ ਮਿਲਦੇ ਹਨ।ਜਾਣ-ਬੁਝ ਕੇ ਕੀਤੀ ਗਲਤੀ ਲਈ ਸਬੰਧਤ ਅਧਿਆਪਕ ਨੂੰ ਵਾਰਨਿੰਗ ਦਿੱਤੀ ਜਾਣੀ ਚਾਹੀਦੀ ਹੈ।

ਸ. ਨਾਨਕ ਸਿੰਘ

ਉਨ੍ਹਾਂ ਸਾਲਾਨਾ ਰਿਪੋਰਟ ਨੂੰ ਵਧੀਆ ਰਿਪੋਰਟ ਦੱਸਿਆ ਅਤੇ ਮੁਬਾਰਕਬਾਦ ਦਿੱਤੀ। ਉਨ੍ਹਾਂ ਦਸਿਆ ਕਿ ਇਸ ਰਾਹੀਂ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਤੇ ਹੋਰ ਬਹੁਤ ਸਾਰੇ ਤੱਥ ਸਾਹਮਣੇ ਆਏ ਹਨ। ਉਨ੍ਹਾਂ ਸਲਾਹ ਦਿੱਤੀ ਕਿ ਯੂਨੀਵਰਸਿਟੀ ਦੇ ਅਧੀਨ ਸਿਵਲ ਸਰਵਿਸ ਸੈਂਟਰ ਬਣਾ ਦਿੱਤਾ ਜਾਵੇ ਤਾਂ ਇਹ ਇਕ ਬਹੁਤ ਵਧੀਆ

ਗੱਲ ਹੋਵੇਗੀ।

ਸ. ਜਗਦੀਸ਼ ਸਿੰਘ (ਸਾਬਕਾ ਪ੍ਰਿੰਸੀਪਲ)

ਉਨ੍ਹਾਂ ਕਿਹਾ ਕਿ ਸਾਡੀ ਯੂਨੀਵਰਸਿਟੀ ਬੁਲੰਦੀਆਂ ਛੂਹ ਰਹੀ ਹੈ, ਜੋ ਕਿ ਬਹੁਤ ਚੰਗੀ ਗੱਲ ਹੈ।ਇਸ ਲਈ ਉਨ੍ਹਾਂ ਵਾਈਸ-ਚਾਂਸਲਰ ਸਾਹਿਬ ਦਾ ਧੰਨਵਾਦ ਕੀਤਾ।ਇਮਤਿਹਾਨਾਂ ਦੀਆਂ ਉੱਤਰ-ਪੱਤਰੀਆਂ ਦੀ ਟੇਬਲ-ਮਾਰਕਿੰਗ ਵੱਲ ਧਿਆਨ ਦੇਣ ਦੀ ਲੋੜ ਹੈ। ਮਾਰਕਿੰਗ ਵਧੀਆ ਢੰਗ ਨਾਲ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਕਈ ਵਾਰ ਮੂਲ ਮਾਰਕਿੰਗ ਅਤੇ ਮੁੜ-ਮੁਲਾਂਕਣ ਮਾਰਕਿੰਗ ਵਿਚ ਨੰਬਰਾਂ ਦਾ ਅੰਤਰ ਬਹੁਤ ਜ਼ਿਆਦਾ ਹੁੰਦਾ ਹੈ ਅਤੇ ਬੱਚੇ ਫੇਲ ਤੋਂ ਪਾਸ ਹੋ ਜਾਂਦੇ ਹਨ। ਉਨ੍ਹਾਂ ਹੋਰ ਕਿਹਾ ਕਿ ਯੂਨੀਵਰਸਿਟੀ ਵਿਚ ਇਸ ਵੇਲੇ ਪੂਰਾ ਡਿਸਿਪਲਿਨ ਹੈ। ਵਿਦਿਆਰਥੀ ਬਾਕਾਇਦਾ ਨਾਲ ਆਪਣੀਆਂ ਕਲਾਸਾਂ ਲਗਾਉਂਦੇ ਹਨ ਅਤੇ ਟੀਚਰ ਕਲਾਸਾਂ ਲੈਂਦੇ ਹਨ।ਦੇਸ਼ ਪੱਧਰ ਤੇ ਦਾਖਲਿਆਂ ਲਈ 50 ਹੋਣਹਾਰ ਪੇਂਡੂ ਬੱਚਿਆਂ ਦੀ ਖਾਲਸਾ ਕਾਲਜ ਪਬਲਿਕ ਸਕੂਲ ਵਿਚ ਕੋਚਿੰਗ ਦਾ ਕਦਮ ਦੇਸ਼ ਅਤੇ ਕੌਮ ਦੀ ਸੇਵਾ ਵੱਲ ਵਧੀਆ ਕਦਮ ਹੈ।ਉਨ੍ਹਾਂ ਗੁਰੂ ਗ੍ਰੰਥ ਸਾਹਿਬ ਸਟੱਡੀਜ਼ ਬਾਰੇ ਸੈਂਟਰ ਦੀ ਸਥਾਪਨਾ ਨੂੰ ਬਹੁਤ ਵਧੀਆ ਕਦਮ ਦੱਸਿਆ ਅਤੇ ਕਿਹਾ ਕਿ ਅਜਿਹਾ ਹੋਣ ਨਾਲ ਦੁਨੀਆ ਦੇ ਮਹਾਨ ਅਨਮੋਲ ਖਜਾਨੇ ਤੇ ਖੋਜ ਹੋ ਸਕੇਗੀ।ਅਸੀਂ ਚਾਹੁੰਦੇ ਹਾਂ ਕਿ ਇਹ ਯੂਨੀਵਰਿਸਟੀ ਪਹਿਲੇ ਨੰਬਰ ‘ਤੇ ਆਵੇ।

ਡਾ. ਪਰਮਿੰਦਰ ਸਿੰਘ

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਪ੍ਰਾਪਤੀਆਂ ਦੀ ਗੱਲ ਬੜੀ ਖੁਸ਼ੀ ਵਾਲੀ ਗੱਲ ਹੈ ਅਤੇ ਇਸ ਵਿਚ ਵਾਈਸ-ਚਾਂਸਲਰ ਸਾਹਿਬ ਦਾ ਵੀ ਬੜਾ ਵੱਡਾ ਯੋਗਦਾਨ ਹੈ।ਪ੍ਰੰਤੂ ਇਸ ਵਿਚ ਅਜੇ ਹੋਰ ਬਹੁਤ ਕੁਝ ਪ੍ਰਾਪਤ ਕਰਨ ਦੀ ਲੋੜ੍ਹ ਹੈ।ਯੂਨੀਵਰਸਿਟੀ ਨੇ ਵਿਦਿਆਰਥੀਆਂ ਦੇ ਦਾਖਲਿਆਂ ਵਿਚ ਬਹੁਤ ਤਰੱਕੀ ਕੀਤੀ ਹੈ। ਪੰਜਾਬੀ ਵਿਭਾਗ ਅਤੇ ਗੁਰੂ ਨਾਨਕ ਸਟੱਡੀਜ਼ ਵਿਭਾਗ ਵਿਖੇ ਦਾਖਲਿਆਂ ਪ੍ਰਤੀ ਜੋ ਮੁਸ਼ਕਲਾਂ ਆ ਰਹੀਆਂ ਸਨ, ਉਹ ਹੱਲ ਕਰ ਲਈਆਂ ਗਈਆ ਹਨ।ਉਨ੍ਹਾਂ ਕਿਹਾ ਕਿ ਕੁਝ ਕੋਰਸਾਂ ਵਿਚ ਫੀਸਾਂ ਬਹੁਤ ਜ਼ਿਆਦਾ ਹਨ।ਯੂਨੀਵਰਸਿਟੀ ਵਿਚ ਦਾਖਲੇ ਲਈ ਮੱਧ ਵਰਗੀ ਬੱਚਿਆਂ ਦੇ ਮਾਪੇ ਬੜੇ ਔਖੇ ਹੋ ਕੇ ਫੀਸਾਂ ਭਰਦੇ ਹਨ। ਸਾਨੂੰ ਫੀਸਾਂ ਘਟਾਉਣ ਸਬੰਧੀ ਵੀ ਵਿਚਾਰ ਕਰਨੀ ਚਾਹੀਦੀ ਹੈ ਤਾਂ ਜੋ ਗਰੀਬ ਵਰਗ ਦੇ ਵਿਦਿਆਰਥੀ ਯੂਨੀਵਰਸਿਟੀ ਵਿਚ ਦਾਖਲਿਆਂ ਵੇਲੇ ਮੁਸ਼ਕਿਲ ਮਹਿਸੂਸ ਨਾ ਕਰਨ।

ਉਨ੍ਹਾਂ ਇਹ ਵੀ ਕਿਹਾ ਕਿ ਯੂਨੀਵਰਸਿਟੀ ਦੇ ਖਰਚੇ ਬਹੁਤ ਵੱਧ ਗਏ ਹਨ, ਪ੍ਰੰਤੂ ਰਾਜ ਸਰਕਾਰ ਪਾਸੋਂ ਘੱਟ ਗ੍ਰਾਂਟ ਮਿਲਦੀ ਹੈ। ਇਹ ਯੂਨੀਵਰਸਿਟੀ ਵੱਖ-ਵੱਖ ਖੇਤਰਾਂ ਵਿਚ ਵੱਡਮੁੱਲਾ ਯੋਗਦਾਨ ਪਾ ਰਹੀ ਹੈ। ਰਾਜ ਸਰਕਾਰ ਸਾਡੀ ਯੂਨੀਵਰਸਿਟੀ ਨੂੰ ਪੱਕੀ ਤੇ ਵਧੇਰੇ ਗ੍ਰਾਂਟ ਦੇਵੇ ਤਾਂ ਜੋ ਯੂਨਵਿਰਸਿਟੀ ਦੇ ਕਾਰਜ ਨੇਪਰੇ ਚੜ ਸਕਣ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਕਿਹਾ ਕਿ ਗ੍ਰਾਂਟ ਪਿਛਲੇ ਸਮੇਂ ਨਾਲੋ ਵਧੀ ਹੈ, ਭਾਵ 16 ਕਰੋੜ ਤੋਂ 24 ਕਰੋੜ ਰੁਪਏ ਹੋ ਗਈ ਹੈ, ਪ੍ਰੰਤੂ ਇਹ ਗ੍ਰਾਂਟ 50 ਕਰੋੜ ਰੁਪਏ ਹੋਣੀ ਚਾਹੀਦੀ ਹੈ।

ਉਨ੍ਹਾਂ ਨੇ ਵਿਦਿਆਰਥੀਆਂ ਦੀਆਂ ਵਧੀਆਂ ਹੋਈਆਂ ਫੀਸਾਂ ਬਾਰੇ ਕਿਹਾ ਕਿ ਬਹੁਤ ਘੱਟ ਵਿਭਾਗਾਂ ਵਿਚ ਫੀਸਾਂ ਵਧਾਈਆਂ ਗਈਆਂ ਹਨ। ਪੰਜਾਬੀ ਵਿਭਾਗ, ਗੁਰੂ ਨਾਨਕ ਸਟੱਡੀਜ਼ ਅਤੇ ਸੋਸ਼ਲ ਸਾਇੰਸਜ਼ ਵਿਭਾਗ ਦੀਆਂ

ਫੀਸਾਂ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ। ਤਨਖਾਹਾਂ ਆਦਿ ਦੇ ਖਰਚੇ ਬਹੁਤ ਵਧ ਗਏ ਹਨ। ਸਾਨੂੰ 80 ਕਰੋੜ ਰੁਪਏ ਦੀ ਰਾਸ਼ੀ ਦਾ ਪ੍ਰਬੰਧ ਕਰਨ ਦੀ ਲੋੜ੍ਹ ਹੈ, ਜਿਸ ਲਈ ਸਾਧਨ ਜਟਾਉਣੇ ਪੈਣੇ ਹਨ। ਕਈ ਨਵੀਆਂ ਇਮਾਰਤਾਂ ਉਸਰਨੀਆਂ ਹਨ, ਨਵੇਂ ਲੈਕਚਰ ਥੀਏਟਰ ਬਣਾਉਣੇ ਹਨ ਅਤੇ ਹੋਰ ਵੀ ਕਈ ਕੰਮ ਕਰਨੇ ਹਨ। ਰਿਜਨਲ ਕੈਂਪਸ, ਜਲੰਧਰ ਵਿਖੇ ਬਿਲਡਿੰਗ ਵਿਚ ਵਾਧਾ ਵੀ ਕਰਨਾ ਹੈ। ਯੂਨੀਵਰਸਿਟੀ ਕੈਂਪਸ ਵਿਚ ਇਸ ਸਾਲ 700 ਤੋਂ 800 ਸੀਟਾਂ ਦਾ ਵਾਧਾ ਕੀਤਾ ਗਿਆ ਹੈ ਅਤੇ ਅਗਲੇ ਸਾਲ ਇਸ ਵਿਚ ਹੋਰ ਵਾਧਾ ਕੀਤਾ ਜਾਵੇਗਾ। ਸਾਨੂੰ ਆਪਣੇ ਨਵੇਂ ਵਿਤੀ ਸਾਧਨ ਜਟਾਉਣ ਦੇ ਨਾਲ ਨਾਲ ਆਪਣੇ ਖਰਚਿਆ 'ਤੇ ਵੀ ਕੰਟਰੋਲ ਕਰਨਾ ਪਵੇਗਾ।ਉਨ੍ਹਾਂ ਕਿਹਾ ਕਿ ਲੜਕੀਆਂ ਦੇ ਹੋਰ ਹੋਸਟਲ ਦੀ ਲੋੜ੍ਹ ਨੂੰ ਪੂਰਿਆਂ ਕਰਨ ਲਈ ਰਾਜ ਸਰਕਾਰ ਪਾਸੋਂ 20 ਕਰੋੜ ਰੁਪਏ ਦੀ ਸਹਾਇਤਾ ਦੀ ਮੰਗ ਰੱਖੀ ਗਈ ਹੈ।ਯੂਨੀਵਰਸਿਟੀ ਦੀ ਮਾਲੀ ਸਥਿਤੀ ਪੰਜਾਬ ਦੀਆਂ ਬਾਕੀ ਯੂਨੀਵਰਸਿਟੀਆਂ ਨਾਲੋਂ ਚੰਗੀ ਹੈ। ਸਾਨੂੰ ਪੂਰੀ-ਪੂਰੀ ਪਲਾਨਿੰਗ ਦੀ ਲੋੜ੍ਹ ਹੈ। ਮੈਨ ਪਾਵਰ ਇਸ ਸਮੇਂ ਬਹੁਤ ਮਹਿੰਗੀ ਹੋ ਗਈ ਹੈ। ਵਿਕਾਸ ਗ੍ਰਾਂਟ ਦੀ ਬਹੁਤ ਜਰੂਰਤ ਹੈ। ਮਾਲੀ ਤੰਗੀ ਕਾਰਣ ਇਸ ਸਮੇਂ ਟੀਚਿੰਗ ਅਤੇ ਨਾਨ-ਟੀਚਿੰਗ ਦੀਆਂ 10% ਅਸਾਮੀਆਂ ਫ੍ਰੀਜ਼ ਕਰ ਦਿੱਤੀਆਂ ਗਈਆਂ ਹਨ। ਫੀਸਾਂ ਵਧਾਉਣ ਦੀ ਵੀ ਕੋਈ ਹੱਦ ਹੁੰਦੀ ਹੈ। ਅਸੀਂ ਲੋੜਵੰਦ ਅਤੇ ਗਰੀਬ ਵਿਦਿਆਰਥੀਆਂ ਨੂੰ 10% ਛੋਟ ਫੀਸਾਂ ਵਿਚ ਦਿੰਦੇ ਹਾਂ, ਜਿਹੜੀ ਕਿ ਕਰੋੜਾਂ ਰੁਪਏ ਦੀ ਰਾਸ਼ੀ ਬਣਦੀ ਹੈ। ਸਾਡਾ ਅਗਲਾ ਸਟੈਪ ਸੋਸ਼ਲ-ਸਾਇੰਸ ਵਿਭਾਗ ਦੇ ਸੁਧਾਰ ਵੱਲ ਹੋਵੇਗਾ।ਜਿਨ੍ਹਾਂ ਵਿਭਾਗਾਂ ਵਿਚ ਦਾਖਲਿਆ ਨੂੰ ਘੱਟ ਹੁੰਗਾਰਾ ਮਿਲਿਆ ਹੈ, ਉਹਨਾਂ ਦਾ ਅਜੇ ਤੱਕ ਕੋਈ ਹੱਲ ਨਹੀਂ ਨਿਕਲ ਸਕਿਆ। ਇਸ ਪ੍ਰਤੀ ਸਾਡਾ ਸਮਾਜਿਕ ਪੱਧਰ ਦਾ ਰੋਲ ਹੋਣਾ ਚਾਹੀਦਾ ਹੈ।ਇਸ ਪਾਸੇ ਮੁਢਲੀ ਲੋੜ ਡਿਵੈਲਪਮੈਂਟ ਦੀ ਹੈ।

ਡਾ. ਅਮਰਜੀਤ ਸਿੰਘ ਸਿੱਧੂ

ਉਨ੍ਹਾਂ ਨੇ ਵਿਦਿਆਰਥੀਆਂ ਦੀਆਂ ਫੀਸਾਂ ਬਾਰੇ ਕਿਹਾ ਕਿ ਫੀਸਾਂ ਵਿਚ ਵਾਧਾ ਕਈ ਵਾਰ ਪੇਂਡੂ ਹੋਣਹਾਰ ਵਿਦਿਆਰਥੀਆਂ ਜਾਂ ਉਨ੍ਹਾਂ ਦੇ ਮਾਪਿਆਂ ਲਈ ਦਾਖਲੇ ਪ੍ਰਾਪਤ ਕਰਨ ਵਿਚ ਰੁਕਾਵਟ ਬਣਦੀਆਂ ਹਨ। ਭਾਵੇਂ ਅਜਿਹੇ ਹੋਣਹਾਰ ਵਿਦਿਆਰਥੀ ਪੜਨਾ ਚਾਹੁੰਦੇ ਹਨ, ਪਰ ਮਾਲੀ ਹਾਲਤ ਉਨ੍ਹਾਂ ਲਈ ਰੁਕਾਵਟ ਬਣਦੀ ਹੈ। ਹਿਸਟਰੀ, ਪੋਲੀਟੀਕਲ ਸਾਇੰਸ ਤੇ ਹੋਰ ਵਿਭਾਗਾਂ ਵਿਚ ਦਾਖਲਿਆਂ ਪ੍ਰਤੀ ਸੁਧਾਰ ਦੀ ਲੋੜ੍ਹ ਹੈ। ਉਨ੍ਹਾਂ ਫੀਸਾਂ ਵਿਚ ਰਿਆਇਤਾਂ ਦੇਣ ਲਈ ਕਿਹਾ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਮੈਨੇਜਮੈਂਟ ਕੋਰਸਾਂ ਵਿਚ ਦਾਖਲੇ ਬਾਰੇ ਕਿਹਾ ਕਿ ਸ਼ਹਿਰਾਂ ਦੇ ਵਿਦਿਆਰਥੀਆਂ ਵਿਚ ਅਜਿਹੀ ਰੂਚੀ ਵਧੇਰੇ ਹੈ, ਜਦੋਂ ਕਿ ਪਿੰਡਾਂ ਦੇ ਵਿਦਿਆਰਥੀ ਕੇਵਲ ਸਰਕਾਰੀ ਪੱਕੀ ਨੌਕਰੀ ਦੀ ਮੰਗ ਕਰਦੇ ਹਨ, ਭਾਵੇਂ ਉਹ ਕਿਸੇ ਪੱਧਰ ਦੀ ਹੋਵੇ। ਉਨ੍ਹਾਂ ਕਿਹਾ ਕਿ ਇਸ ਪਾਸੇ ਸਾਨੂੰ ਮਨਾਂ ਦੀ ਸੋਚ ਬਦਲਣ ਦੀ ਲੋੜ੍ਹ ਹੈ।

ਉਨ੍ਹਾਂ ਦਸਿਆ ਕਿ ਟੀਚਿੰਗ ਵਿਭਾਗਾਂ ਨੂੰ ਲੋੜ੍ਹ ਅਨੁਸਾਰ ਟੀਚਿੰਗ ਸਟਾਫ ਦਿੱਤਾ ਗਿਆ ਹੈ। ਕਈ ਵਿਭਾਗਾਂ ਵਿਚ ਪਿਛਲੇ ਤਕਰੀਬਨ 12 ਸਾਲਾਂ ਤੋਂ ਉਹੀ ਪੋਸਟਾਂ ਚੱਲ ਰਹੀਆਂ ਹਨ। ਜਿੱਥੇ ਅਧਿਆਪਕ ਵਧੇਰੇ ਹਨ ਅਤੇ ਵਿਦਿਆਰਥੀ ਘੱਟ ਹਨ, ਉੱਥੋਂ ਦੂਜੇ ਵਿਭਾਗਾਂ ਵਿਚ ਲੋੜ੍ਹ ਅਨੁਸਾਰ ਅਧਿਆਪਕ ਸ਼ਿਫਟ ਕੀਤੇ ਜਾ ਰਹੇ ਹਨ।

ਵਿਭਾਗਾਂ ਵਿਚ ਲੋੜ੍ਹ ਅਨੁਸਾਰ ਯੋਗਤਾ ਪੂਰੀ ਕਰਨ ਵਾਲੇ ਅਧਿਆਪਕ ਨਹੀਂ ਮਿਲ ਰਹੇ, ਜਿਵੇਂ ਕਿ ਕੰਪਿਊਟਰ ਜਾਂ ਐਜੂਕੇਸ਼ਨ ਵਿਸ਼ੇ ਵਿਚ ਪ੍ਰੋਫਸੈਰ ਦੀ ਅਸਾਮੀ ਲਈ। ਅਜਿਹੀ ਸਥਿਤੀ ਵਿਚ ਸਾਨੂੰ ਕੰਟ੍ਰੈਕਟ ਬੇਸਿਜ਼ ਤੇ ਅਧਿਆਪਕ ਰੱਖਣੇ ਪੈਂਦੇ ਹਨ। ਅਸੀਂ ਲੋੜ ਅਨੁਸਾਰ ਸਾਰੀਆਂ ਪੋਸਟਾਂ ਭਰਨ ਦੀ ਕੋਸ਼ਿਸ਼ ਕਰ ਰਹੇ ਹਾਂ।ਸਾਰੇ ਵਿਭਾਗਾਂ ਦੀਆਂ ਕਲਾਸਾਂ 19 ਜੁਲਾਈ ਤੋਂ ਸ਼ੁਰੂ ਹੋ ਚੁੱਕੀਆਂ ਹਨ।

<u>ਮਿਸ. ਮੰਨਣ ਸਚਦੇਵਾ</u>

ਉਨ੍ਹਾਂ ਕਿਹਾ ਕਿ ਕਈ ਵਿਭਾਗ ਜਾਂ ਵਿਸ਼ੇ ਅਜਿਹੇ ਹਨ, ਜਿੱਥੇ ਲੋੜ੍ਹ ਅਨੁਸਾਰ ਟੀਚਰ ਨਹੀਂ ਮਿਲਦੇ। ਕਈ ਵਿਸ਼ਿਆਂ/ ਖੇਤਰਾਂ ਵਿਚ ਕਾਲਜਾਂ ਨੂੰ ਕੋਈ ਪ੍ਰਤੀਨਿਧਤਾ ਨਹੀਂ ਦਿੱਤੀ ਜਾਂਦੀ। ਉਨ੍ਹਾਂ ਨੇ ਫਾਈਨ ਆਰਟਸ ਵਿਸ਼ੇ ਬਾਰੇ ਕਿਹਾ ਕਿ ਉਨ੍ਹਾਂ ਨੂੰ ਆਪਣੀ ਇਸ ਵਿਸ਼ੇ ਵਿਚ ਪੀ.ਐਚ.ਡੀ. ਕਰਨ ਲਈ ਬੜੀ ਜਦੋ-ਜਹਿਦ ਕਰਨੀ ਪਈ, ਪਰ ਸਫਲਤਾ ਨਾ ਮਿਲੀ ਕਿਉਂਜੋ ਉਨ੍ਹਾਂ ਨੂੰ ਇਸ ਵਿਸ਼ੇ ਦਾ ਨਿਪੁੰਨ ਸੁਪਰਵਾਈਜ਼ਰ ਨਹੀਂ ਮਿਲ ਸਕਿਆ।

<u>ਵਾਈਸ-ਚਾਂਸਲਰ ਸਾਹਿਬ</u>

ਉਨ੍ਹਾਂ ਕਿਹਾ ਕਿ ਕੁਝ ਵਿਸ਼ਿਆਂ ਦੇ ਲੋੜ੍ਹ ਅਨੁਸਾਰ ਯੋਗ ਅਧਿਆਪਕ ਨਹੀਂ ਮਿਲ ਰਹੇ। ਯੂਨੀਵਰਸਿਟੀ ਇਸ ਤਰ੍ਹਾਂ ਮੁਸ਼ਕਿਲ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਐਜੂਕੇਸ਼ਨ ਵਿਸ਼ੇ ਵਿਚ ਪ੍ਰੋਫੈਸਰ ਦੀ ਅਸਾਮੀ ਭਰਨ ਬਾਰੇ ਦੱਸਿਆ ਕਿ ਅਧਿਆਪਕਾਂ ਦੀ ਅਣਹੋਂਦ ਕਾਰਣ ਅਸੀਂ ਯੂਨੀਵਰਸਿਟੀ ਕੈਂਪਸ ਵਿਖੇ ਐਜੂਕੇਸ਼ਨ ਵਿਭਾਗ ਨਹੀਂ ਖੋਲ੍ਹ ਸਕੇ।

<u>ਡਾ.(ਮਿਸਿਜ਼) ਸੁਰੁਚੀ ਰਿਸ਼ੀ</u>

ਉਨ੍ਹਾਂ ਕਿਹਾ ਕਿ ਮੌਜੂਦਾ ਸਥਿਤੀ ਵਿਚ ਪੰਜਾਬ ਭਰ ਵਿਚ ਕਾਲਜ ਦੋ ਭਾਗਾਂ ਵਿਚ ਵੰਡੇ ਹਨ, ਇਕ ਏਡਿਡ ਕਾਲਜ ਅਤੇ ਦੂਜੇ ਸੈਲਫ ਫਾਈਨਾਂਸਡ ਕਾਲਜ। ਸਿਸਟਮ ਵਿਚ ਇਹ ਇਕ ਅਹਿਮ ਤਬਦੀਲੀ ਹੈ। ਉਨ੍ਹਾਂ ਬੀ.ਐਡ. ਕਾਲਜਾਂ ਵਿਚ ਦਾਖਲੇ ਲਈ ਵਿਦਿਅਰਥੀਆਂ ਨੂੰ ਆ ਰਹੀ ਮੁਸ਼ਕਿਲ ਦਾ ਵੀ ਜਿਕਰ ਕੀਤਾ।

<u>ਵਾਈਸ-ਚਾਂਸਲਰ ਸਾਹਿਬ</u>

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵੱਲੋਂ ਬੀ.ਐਡ. ਦਾਖਲੇ (ਆਨ-ਲਾਈਨ) ਕਰਨ ਲਈ ਪੂਰੇ ਪ੍ਰਬੰਧ ਕਰ ਲਏ ਗਏ ਸਨ। ਪਰ ਖੁਦਮੁਖਤਿਆਰ ਕਾਲਜਾਂ ਵੱਲੋਂ ਹਾਈ ਕੋਰਟ ਵਿਚ ਕੇਸ ਲੈ ਜਾਣ ਕਰਕੇ ਇਸ ਵਿਚ ਰੁਕਾਵਟ ਆ ਗਈ ਹੈ। ਇਸ ਪ੍ਰਤੀ ਅਜੇ ਤੱਕ ਹਾਈ ਕੋਰਟ ਵੱਲੋਂ ਮੁਕੰਮਲ ਜੱਜਮੈਂਟ ਨਹੀਂ ਦਿੱਤੀ ਗਈ। ਏਡਿਡ ਕਾਲਜਾਂ ਵਿਚ ਦਾਖਲੇ ਦੀ ਪ੍ਰਕ੍ਰਿਆ ਯੂਨੀਵਰਸਿਟੀ ਵੱਲੋਂ ਜਾਰੀ ਹੈ। ਦੂਜੇ ਪਾਸੇ ਖੁਦਮੁਖਤਿਆਰ ਕਾਲਜਾਂ ਵਿਚ ਦਾਖਲੇ ਦੀ ਸਥਿਤੀ ਅਜੇ ਸਪਸ਼ਟ ਨਹੀਂ ਹੈ। ਯੂਨੀਵਰਸਿਟੀ ਇਸ ਵਿਚ ਕੁਝ ਨਹੀਂ ਕਰ ਸਕਦੀ।ਕਿਉਂਜੋ ਮਾਮਲਾ ਨਿਆਂ ਪ੍ਰਣਾਲੀ ਦੇ ਵਿਚਾਰ ਅਧੀਨ ਹੈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਦੀਆਂ ਮੁਸ਼ਕਿਲਾਂ ਵੱਧ ਗਈਆਂ ਹਨ।

**ਪਾਸ ਹੋਇਆ** ਕਿ ਸਾਲ 2009 ਲਈ ਯੂਨੀਵਰਸਿਟੀ ਦੀ 40ਵੀਂ ਸਲਾਨਾ ਰਿਪੋਰਟ **ਅੰਤਿਕਾ** ਅਨੁਸਾਰ ਪਰਵਾਨ ਕੀਤੀ ਜਾਂਦੀ ਹੈ।

ਸਬੰਧਤ ਕਾਲਜਾਂ ਵਿਖੇ ਕੋਰਸ ਸ਼ੁਰੂ ਕਰਨ, ਵਿਭਾਗ/ਕੋਰਸ ਦਾ ਨਾਂ ਤਬਦੀਲ ਕਰਨ ਅਤੇ ਸਨਮਾਨਾਰਥ (Honoris Causa) ਡਿਗਰੀ ਦੇਣ ਦੀ ਪਰਵਾਨਗੀ।

7. ਸਿੰਡੀਕੇਟ ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਤੇ ਵਿਚਾਰ ਹੋਈ ਕਿ:-

(ੳ) (i) a. ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਸੈਸ਼ਨ 2010-11 ਤੋਂ ਐਮ.ਬੀ.ਏ. (ਦੋ ਸਾਲਾ ਕੋਰਸ) ਦਾ ਇਕ ਯੂਨਿਟ (50 ਸੀਟਾਂ) ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

b. ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਵਿਖੇ ਐਮ.ਬੀ.ਏ. (ਪੰਜ ਸਾਲਾ ਕੋਰਸ) ਦੀ ਥਾਂ ਤੇ ਸੈਸ਼ਨ 2010-11 ਤੋਂ ਐਮ.ਬੀ.ਏ. (ਦੋ ਸਾਲਾ ਕੋਰਸ) ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ii) ਸਾਲ 2010-11 ਦੇ ਬੱਜਟ ਭਾਗ ਤੀਜਾ ਵਿਚ ਮੌਜੂਦ 'Department of Adult Continuing Education & Extension' ਦਾ ਨਾਂ ਬਦਲ ਕੇ 'Department of Life long Learning (DLL)' ਕੀਤਾ ਜਾਵੇ।

(iii) ਸੈਸ਼ਨ 2010-11 ਤੋਂ ਹੇਠ ਲਿਖੇ ਕੋਰਸਾਂ ਦਾ ਨਾਮ ਉਨ੍ਹਾਂ ਸਾਹਮਣੇ ਦਰਸਾਏ ਅਨੁਸਾਰ ਤਬਦੀਲ ਕੀਤਾ ਜਾਵੇ:-

| ਵਰਤਮਾਨ ਨਾਮ | ਤਜਵੀਜ਼ ਸ਼ੁਦਾ ਨਾਮ |
|---|---|
| a) ਐਮ.ਐਸ.ਸੀ. (ਫਿਜਿਕਸ) | ਐਮ.ਐਸ.ਸੀ. (ਆਨਰਜ਼) ਇਨ ਫਿਜਿਕਸ |
| b) ਐਮ.ਐਸ.ਸੀ.(ਕੈਮਿਸਟਰੀ) | ਐਮ.ਐਸ.ਸੀ.(ਆਨਰਜ਼) ਇਨ ਕੈਮਿਸਟਰੀ |
| c)ਐਮ.ਐਸ.ਸੀ. (ਮੈਥੇਮੈਟਿਕਸ) | ਐਮ.ਐਸ.ਸੀ.(ਆਨਰਜ਼)ਇਨ ਮੈਥੇਮੈਟਿਕਸ |

(iv) ਸੂਚਨਾ ਹਿਤ ਕਿ ਮਾਨਯੋਗ ਗਵਰਨਰ ਪੰਜਾਬ ਅਤੇ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਆਪਣੇ ਪੱਤਰ ਨੰ: 5/9/2009/GNDU--2G-PRB/2691 ਮਿਤੀ 16.4.2010 ਰਾਹੀਂ ਹੇਠ ਲਿਖੇ ਦੋ ਪ੍ਰਤਿਸ਼ਠ ਵਿਅਕਤੀਆਂ ਨੂੰ, ਉਨ੍ਹਾਂ ਦੀ ਉਘੀ ਸ਼ਖਸ਼ੀਅਤ ਅਤੇ ਪ੍ਰਾਪਤੀਆਂ ਸਦਕਾ ਯੂਨੀਵਰਸਿਟੀ ਦੀ 37ਵੀਂ ਕਨਵੋਕੇਸ਼ਨ 'ਤੇ, ਹਰੇਕ ਅੱਗੇ ਦਰਸਾਏ ਅਨੁਸਾਰ ਸਨਮਾਨਾਰਥ (Honoris Causa) ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਹੈ:-

| | |
|---|---|
| 1.Prof. Dr. Richard R. Ernst<br>ETH Zurich Laboratorium<br>fur Physikalische Chemie<br>Wolfgang- Pauli-Strasse 10<br>HCI D217<br>8093 Zurich, Switzerland. | Doctor of Science<br>in the Faculty of Sciences |
| 2. Dr. Kurt Wuthrich,<br>Cecil H. and Ida M. Green<br>Professor of Structural Biology<br>Scripps Research Institute,<br>California, USA | Doctor of Science<br>in the Faculty of Sciences |

(ਸਿੰਡੀਕੇਟ ਪੈਰਾ 35(ੳ,ਅ), 64, 65(VII) ਅਤੇ 73 ਮਿਤੀ 24.5.2010)

(ਅ) (i) ਮਾਝਾ ਕਾਲਜ ਫਾਰ ਵੂਮੈਨ, ਤਰਨ ਤਾਰਨ ਨੂੰ ਸੈਸ਼ਨ 2010-11 ਤੋਂ ਕੋ-ਐਜੂਕੇਸ਼ਨ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ii) ਐਸ.ਆਰ.ਐਸ.ਪੀ.ਐਮ. ਕਾਲਜ, ਨਿਆੜੀ ਵਿਖੇ ਸੈਸ਼ਨ 2010-11 ਤੋਂ BCA ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(iii)ਐਮ.ਟੈਕ.(ਇਨਫਰਾਸਟ੍ਰਕਚਰ ਪਲੈਨਿੰਗ) ਕੋਰਸ ਦਾ ਨਾਮ ਮਾਸਟਰ ਇਨ ਪਲੈਨਿੰਗ (ਇਨਫਰਾਸਟ੍ਰਕਚਰ) ਰੱਖਣ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 11, 34 ਅਤੇ 38 ਮਿਤੀ 23.6.2010)

**ਪਾਸ ਹੋਇਆ** ਕਿ ਸਿੰਡੀਕੇਟ ਦੀਆਂ ਉਕਤ ਸਿਫ਼ਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

**ਯੂਨੀਵਰਸਿਟੀ ਦੀ 37ਵੀਂ ਕਨਵੋਕੇਸ਼ਨ ‘ਤੇ ਸਨਮਾਨਾਰਥ (Honoris Causa) ਡਿਗਰੀ ਪਰਦਾਨ ਕਰਨ ਸਬੰਧੀ।**

8. ਸੈਨੇਟ ਨੇ ਨੋਟ ਕੀਤਾ ਕਿ ਮਾਨਯੋਗ ਗਵਰਨਰ ਪੰਜਾਬ ਅਤੇ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਆਪਣੇ ਪੱਤਰ ਨੰ: 5/9/2009-GNDU-2G-PRB/5332 ਮਿਤੀ 11.8.2010 ਰਾਹੀਂ ਹੇਠ ਲਿਖੇ ਦੋ ਪ੍ਰਤਿਸ਼ਠ ਵਿਅਕਤੀਆਂ ਨੂੰ, ਉਨ੍ਹਾਂ ਦੀ ਉੱਘੀ ਸ਼ਖਸ਼ੀਅਤ ਅਤੇ ਪ੍ਰਾਪਤੀਆਂ ਸਦਕਾ ਯੂਨੀਵਰਸਿਟੀ ਦੀ 37ਵੀਂ ਕਨਵੋਕੇਸ਼ਨ ‘ਤੇ ਹਰੇਕ ਅੱਗੇ ਦਰਸਾਏ ਅਨੁਸਾਰ ਸਨਮਾਨਾਰਥ (Honoris Causa) ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਹੈ:-

| | |
|---|---|
| 1. Prof. Alexander Pines, University of California, Berkeley, USA. | Doctor of Science in the Faculty of Sciences |
| 2. Dr. Dalip Kaur Tiwana, Punjabi University, Patiala. | Doctor of Literature in the Faculty of Languages |

ਇਹ **ਨੋਟ** ਕੀਤਾ ਕਿ ਯੂਨੀਵਰਸਿਟੀ ਦੀ 37ਵੀਂ ਕਨਵੋਕੇਸ਼ਨ ਮਿਤੀ 1.3.2011 ਨੂੰ ਹੋ ਰਹੀ ਹੈ। ਉਕਤ ਵਿਅਕਤੀਆਂ ਨੂੰ ਨਿਯਮਾਂ ਅਨੁਸਾਰ ਟੀ.ਏ./ਡੀ.ਏ. ਦੀ ਅਦਾਇਗੀ ਕੀਤੀ ਜਾਵੇਗੀ।

ਵਾਈਸ-ਚਾਂਸਲਰ ਸਾਹਿਬ ਦਾ ਬਿਆਨ।

ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵਾਈਸ-ਚਾਂਸਲਰ ਸਾਹਿਬ ਨੇ ਦਸਿਆ ਕਿ:-

1. ਇਸ ਵਾਰ ਸਾਡੇ ਸਾਰੇ ਦਾਖਲੇ ਆਨਲਾਈਨ ਸਫਲਤਾਪੂਰਵਕ ਸੰਪੰਨ ਹੋ ਚੁੱਕੇ ਹਨ।

2. ਕ੍ਰੈਡਿਟ ਬੇਸਡ ਇਵੈਲਿਊਏਸ਼ਨ ਸਿਸਟਮ ਇਸ ਅਕਾਦਮਿਕ ਵਰ੍ਹੇ ਤੋਂ implement ਕਰਨ ਲਈ ਸਾਰੇ ਪ੍ਰਬੰਧ ਪੂਰੇ ਹੋ ਚੁੱਕੇ ਹਨ।

3. ਪੇਂਡੂ ਪਿਛੋਕੜ ਵਾਲੇ 50 ਬੱਚਿਆਂ ਨੂੰ +1 ਅਤੇ +2 ਵਿਚ ਮਿਆਰੀ ਸਿਖਿਆ ਮੁਹੱਈਆ ਕਰਾਉਣ ਅਤੇ ਉਨ੍ਹਾਂ ਨੂੰ ਆਈ.ਆਈ.ਟੀ. ਵਿਚ ਦਾਖਲੇ ਲਈ ਦਾਖਲਾ ਪ੍ਰੀਖਿਆ ਦੀ ਤਿਆਰੀ ਕਰਨ ਵਾਸਤੇ ਬਣੀ ਪ੍ਰੋਗਰੈਸਿਵ ਐਜੂਕੇਸ਼ਨਲ ਸੁਸਾਇਟੀ ਨੇ ਖਾਲਸਾ ਕਾਲਜ ਪਬਲਿਕ ਸਕੂਲ ਵਿਖੇ ਦਾਖਲ ਕਰਨ ਦੀ ਪ੍ਰਕਿਰਿਆ ਮੁਕੰਮਲ ਕਰ ਲਈ ਹੈ ਅਤੇ 2 ਅਗਸਤ ਤੋਂ ਕਲਾਸਾਂ ਸ਼ੁਰੂ ਹੋ ਗਈਆਂ ਹਨ। ਦਾਖਲ ਕੀਤੇ ਬੱਚਿਆਂ ਦੀ ਪੜ੍ਹਾਈ, ਰਿਹਾਇਸ਼ ਅਤੇ ਖਾਣ-ਪੀਣ ਦਾ ਸਾਰਾ ਖਰਚਾ ਸੁਸਾਇਟੀ ਵੱਲੋਂ ਕੀਤਾ ਜਾਣਾ ਹੈ।

4. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਰੈਵਲਗੋਨ, ਨੈਕਟਰ ਲਾਈਫ ਸਾਇੰਸਜ਼, ਵਿਪਰੋ ਟੈਕਨਾਲੌਜੀ, ਰੈਨਬੈਕਸੀ, ਮੋਟਰੋਲਾ, ਡਾਟਾ ਸੋਫਟੈਕ ਅਤੇ ਰਿਆਤ ਬਾਹਰਾ ਗਰੁਪ ਆਫ ਇੰਸਟੀਚਿਊਸ਼ਨਜ਼ ਵੱਲੋਂ ਵੱਖ-ਵੱਖ ਕੋਰਸਾਂ ਦੇ ਬੈਚ 2010 ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ ਤੇ ਪਲੇਸਮੈਂਟ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਪ੍ਰੋਗਰਾਮਾਂ ਅਧੀਨ ਕੁਲ 55 ਵਿਦਿਆਰਥੀਆਂ ਨੂੰ ਨੌਕਰੀਆਂ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਤਰ੍ਹਾਂ ਹੁਣ ਤੱਕ ਬੈਚ-2010 ਦੇ 461 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ।

5. ਯੂਨੀਵਰਸਿਟੀ ਵਿਖੇ ਸਪੋਟਰਸ ਅਥਾਰਟੀ ਆਫ ਇੰਡੀਆ ਦੇ ਸਹਿਯੋਗ ਨਾਲ ਇਸਤਰੀਆਂ ਦਾ ਆਲ ਇੰਡੀਆ ਹੈਂਡਬਾਲ ਕੋਚਿੰਗ ਕੈਂਪ ਆਯੋਜਿਤ ਕੀਤਾ ਗਿਆ ਹੈ। ਇਸ ਕੈਂਪ ਵਿਚ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ 30 ਖਿਡਾਰਨਾਂ ਭਾਗ ਲੈ ਰਹੀਆਂ ਹਨ।

6. ਯੂਨੀਵਰਸਿਟੀ ਦੇ ਬਾਲਗ ਨਿਰੰਤਰ ਸਿਖਿਆ ਤੇ ਵਿਸਥਾਰ ਵਿਭਾਗ ‘ਚ ਡਰੈਸ ਡਿਜ਼ਾਇਨਿੰਗ, ਕਟਿੰਗ ਐਂਡ ਟੇਲਰਿੰਗ ਤੇ ਟੈਕਸਟਾਈਲ ਡਿਜ਼ਾਇਨਿੰਗ ਕੋਰਸਾਂ ਦੀਆਂ ਵਿਦਿਆਰਥਣਾਂ ਵੱਲੋਂ ਵੱਖ-ਵੱਖ ਕਿਸਮ ਦੇ ਤਿਆਰ ਕੀਤੇ ਗਾਰਮੈਂਟਸ ਤੇ ਹੋਰ ਵਸਤੂਆਂ ਦੀ ਮਿਤੀ 29-30 ਜੂਨ, 2010 ਨੂੰ ਪ੍ਰਦਰਸ਼ਨੀ ਲਗਾਈ ਗਈ।

7. ਯੂਨੀਵਰਸਿਟੀ ਵੱਲੋਂ ਮਿੱਠੜਾ (ਕਪੂਰਥਲਾ) ਵਿਖੇ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਸਥਾਪਿਤ ਕੀਤਾ ਗਿਆ ਹੈ, ਜਿਸ ਦੇ ਪ੍ਰੋਫੈਸਰ ਇੰਚਾਰਜ਼ ਡਾ. ਮਨਿੰਦਰ ਸਿੰਘ ਹੁੰਦਲ, ਡੀਨ, ਕਾਲਜ ਵਿਕਾਸ ਕੌਂਸਲ, ਨੂੰ ਲਗਾਇਆ ਗਿਆ ਹੈ।

8. ਯੂਨੀਵਰਸਿਟੀ ਦੇ ਅਕਾਦਮਿਕ ਸਟਾਫ ਕਾਲਜ ਵੱਲੋਂ ਮਿਤੀ 2 ਜੁਲਾਈ, 2010 ਤੋਂ ਪੰਜਾਬੀ ਅਧਿਐਨ: ਵਰਤਮਾਨ ਝੁਕਾਅ (ਭਾਸ਼ਾ, ਸਾਹਿਤ, ਲੋਕਧਾਰਾ ਅਤੇ ਸਭਿਆਚਾਰ ਦੇ ਸੰਦਰਭ) ਵਿਸ਼ੇ ‘ਤੇ ਤਿੰਨ ਹਫਤਿਆਂ ਦਾ ਰਿਫਰੈਸ਼ਰ ਕੋਰਸ ਆਯੋਜਿਤ ਕੀਤਾ ਗਿਆ।

9. ਬੋਟੈਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵੱਲੋਂ ਯੂਨੀਵਰਸਿਟੀ ਦੇ ਬੋਟਾਨੀਕਲ ਗਾਰਡਨ ਵਿਚ ਦਰਖਤ ਲਗਾ ਕੇ ਵਣ-ਮਹਾਂਉਤਸਵ ਮਨਾਇਆ ਗਿਆ। ਵਾਈਸ-ਚਾਂਸਲਰ ਸਾਹਿਬ ਵੱਲੋਂ ਇਸ ਉਤਸਵ ਦਾ ਉਦਘਾਟਨ ਇਕ ਪੌਦਾ ਲਗਾ ਕੇ ਕੀਤਾ ਗਿਆ। ਇਸ ਵਰ੍ਹੇ ਕੈਂਪਸ ਵਿਚ 2500 ਪੌਦੇ ਲਗਾਏ ਜਾਣਗੇ।

10. ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਦੇ ਪ੍ਰੋਫੈਸਰ ਡਾ. ਰਾਕੇਸ਼ ਕੁਮਾਰ ਮਹਾਜਨ ਨੂੰ ਇੰਡੀਅਨ ਕੈਮੀਕਲ ਸੁਸਾਇਟੀ ਦੀ ਕੌਂਸਿਲ ਵੱਲੋਂ ਉਨ੍ਹਾਂ ਦੀਆਂ ਕੈਮੀਕਲ ਸਾਇੰਸ ਦੇ ਖੇਤਰ ਵਿਚ ਪ੍ਰਾਪਤੀਆਂ ਸਦਕਾ ਪ੍ਰੋਫੈਸਰ ਪੀ.ਕੇ. ਬੋਸ ਮੈਮੋਰੀਅਲ ਅਵਾਰਡ 2009 ਦੇਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਨੂੰ ਇਹ ਅਵਾਰਡ ਪੰਡਿਤ ਰਵੀਸ਼ੰਕਰ ਸ਼ੁਕਲਾ ਯੂਨੀਵਰਸਿਟੀ, ਰਾਏਪੁਰ (ਛੱਤੀਸਗੜ੍ਹ) ਵਿਖੇ 23 ਤੋਂ 27 ਦਸੰਬਰ, 2010 ਤੱਕ ਹੋ ਰਹੀ ਇੰਡੀਅਨ ਕੈਮੀਕਲ ਸੁਸਾਇਟੀ ਦੀ ਸਲਾਨਾ ਕਨਵੋਕੇਸ਼ਨ ਆਫ ਕੈਮਿਸਟਸ ਦੇ ਮੌਕੇ ਤੇ ਦਿੱਤਾ ਜਾਵੇਗਾ।

11. ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਦੇ ਡਾ. ਮਨੋਜ ਕੁਮਾਰ, ਰੀਡਰ ਨੂੰ ਖੋਜ ਦੇ ਖੇਤਰ ਵਿਚ ਉੱਘੇ ਯੋਗਦਾਨ ਸਦਕਾ Chemical Research Society of India (CRSI) ਵੱਲੋਂ Bronze Medal ਦੇਣ ਲਈ ਚੁਣਿਆ ਗਿਆ ਹੈ। ਇਹ ਸਨਮਾਨ ਉਨ੍ਹਾਂ ਨੂੰ 4-6 ਫਰਵਰੀ, 2011 ਨੂੰ ਭੁਬਨੇਸ਼ਵਰ ਵਿਖੇ ਹੋਣ ਵਾਲੇ 13th CRSI National Symposium ਦੌਰਾਨ ਦਿੱਤਾ ਜਾਵੇਗਾ।

**ਸੈਨੇਟ ਵੱਲੋਂ ਉਕਤ ਪੀ.ਕੇ. ਬੋਸ ਮੈਮੋਰੀਅਲ ਅਵਾਰਡ ਅਤੇ Bronze Medal ਸਬੰਧੀ ਪ੍ਰਸ਼ੰਸਾ ਰਿਕਾਰਡ ਕੀਤੀ ਗਈ।**

12. ਯੂਨੀਵਰਸਿਟੀ ਦੇ ਸਪੋਰਟਸ ਮੈਡੀਸਨ ਫੈਕਲਟੀ ਦੇ ਡੀਨ, ਪ੍ਰੋਫੈਸਰ ਜਸਪਾਲ ਸਿੰਘ ਸੰਧੂ ਨੂੰ ਸ੍ਰੀਲੰਕਾ ਵਿਖੇ ਸਪੋਰਟਸ ਮੈਡੀਸਨ 'ਚ ਅੰਤਰ-ਰਾਸ਼ਟਰੀ ਓਲੰਪਿਕ ਕਮੇਟੀ ਕੋਰਸ 'ਚ ਭਾਗ ਲੈਣ ਲਈ ਸੱਦਿਆ ਗਿਆ ਹੈ। ਇਹ ਤਿੰਨ ਦਿਨਾ ਕੋਰਸ ਕੋਲੰਬੋ, ਸ੍ਰੀਲੰਕਾ ਦੀ ਰਾਸ਼ਟਰੀ ਓਲੰਪਿਕ ਕਮੇਟੀ ਵੱਲੋਂ 10-12 ਸਤੰਬਰ, 2010 ਨੂੰ ਕਰਵਾਇਆ ਜਾ ਰਿਹਾ ਹੈ।

13. ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਵੱਲੋਂ ਮਾਓਵਾਦ ਦਾ ਵਿਸਥਾਰ ਅਤੇ ਉਸ ਦਾ ਭਾਰਤ ਅਤੇ ਸਾਊਥ-ਏਸ਼ੀਆ 'ਤੇ ਅਸਰ ਵਿਸ਼ੇ 'ਤੇ ਨੇਪਾਲ ਦੇ ਰਾਸ਼ਟਰਪਤੀ ਦੇ ਸਿਆਸੀ ਅਤੇ ਵਿਦੇਸ਼ੀ ਮਾਮਲਿਆਂ ਦੇ ਸਲਾਹਕਾਰ ਡਾ. ਹਰੀ ਸ਼ਰਮਾ ਦਾ ਲੈਕਚਰ ਆਯੋਜਿਤ ਕੀਤਾ ਗਿਆ।

**ਸੈਨੇਟ ਵੱਲੋਂ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤੱਸਲੀ ਦਾ ਪ੍ਰਗਟਾਵਾ ਕੀਤਾ ਗਿਆ।**

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

ਇੰਦਰਜੀਤ ਸਿੰਘ
ਰਜਿਸਟਰਾਰ

<u>ਪੱਕੀ ਕੀਤੀ ਗਈ</u>

(ਏ.ਐਸ. ਬਰਾੜ)
ਵਾਈਸ-ਚਾਂਸਲਰ